# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਐਸੀ.ਓ.ਨੰ:104-106,ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.)
ਪੰਜਾਬ।

ਮੀਮੋ ਨੰ:ਐਸਐਸਐਸਏ/ਐਮਸੀ/2009/78227-78246
ਮਿਤੀ,ਚੰਡੀਗੜ੍ਹ 02 ਦਸੰਬਰ, 2009

**ਵਿਸ਼ਾ:- ਜਮਾਤ ਤੀਸਰੀ ਅਤੇ ਚੌਥੀ ਦੇ ਦਸੰਬਰ ਪ੍ਰੀਖਿਆ ਲੈਣ ਸਬੰਧੀ।**

1.0 ਪੰਜਵੀਂ ਜਮਾਤ ਦੀ ਡੇਟਸ਼ੀਟ ਪੱਤਰ ਨੰ: ਮੀਮੋ ਨੰ: ਐਸ.ਐਸ.ਏ/ਐਮ. ਸੀ/2009/76895 -76915 ਮਿਤੀ 25-11-09 ਚੰਡੀਗੜ੍ਹ ਦੀ ਲਗਾਤਾਰਤਾ ਵਿੱਚ।

2.0 ਉਪਰੋਕਤ ਵਿਸ਼ਾ ਅਧੀਨ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਦਸੰਬਰ ਮਹੀਨੇ ਵਿੱਚ ਪੰਜਵੀਂ ਜਮਾਤ ਦੀ ਹੋਣ ਵਾਲੀ ਪ੍ਰੀਖਿਆ ਦੇ ਨਾਲ ਤੀਜੀ ਅਤੇ ਚੌਥੀ ਜਮਾਤ ਦੀ ਪ੍ਰੀਖਿਆ ਵਿਭਾਗ ਵੱਲੋਂ ਨਾ ਲੈਣ ਦਾ ਫੈਸਲਾ ਕੀਤਾ ਗਿਆ ਸੀ ਕਿਉਕਿ ਇਹ ਵਿਚਾਰ ਕੀਤਾ ਗਿਆ ਸੀ ਕਿ ਇਨ੍ਹਾਂ ਜਮਾਤਾਂ ਦੇ ਬੱਚੇ ਪੜ੍ਹੋ ਪੰਜਾਬ ਦੀ ਮੱਧ ਵਰਤੀ ਜਾਂਚ ਨੂੰ ਹੀ ਆਧਾਰ ਮੰਨ ਕੇ ਇਹਨਾਂ ਦਾ ਮੁਲਾਂਕਣ ਕਰ ਲਿਆ ਜਾਵੇ ।ਪਰ ਫੀਲਡ ਵਿਚੋਂ ਆਏ ਸੁਝਾਵਾਂ ਨੂੰ ਧਿਆਨ ਹਿਤ ਰੱਖਦਿਆਂ ਤੀਜੀ ਅਤੇ ਚੌਥੀ ਜਮਾਤ ਦੀ ਪ੍ਰੀਖਿਆ ਵੀ ਪੰਜਵੀਂ ਜਮਾਤ ਦੇ ਨਾਲ ਦਸੰਬਰ ਮਹੀਨੇ ਵਿੱਚ ਲੈਣੀ ਬਣਦੀ ਹੈ, ਕਿਉਂਕਿ ਇਸ ਨਾਲ ਬੱਚੇ ਦਾ ਦਸੰਬਰ ਮਹੀਨੇ ਤੱਕ ਦੇ ਕਰਵਾਏ ਗਏ ਸਿਲੇਬਸ ਦਾ ਮੁਲਾਂਕਣ ਹੋਣਾ ਜ਼ਰੂਰੀ ਹੈ। ਸੋ ਫੀਲਡ ਵਿਚੋਂ ਆਏ ਸੁਝਾਵਾਂ ਨੂੰ ਦਫ਼ਤਰ ਵੱਲੋਂ ਘੋਖਣ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ ਕਿ ਤੀਜੀ ਅਤੇ ਚੌਥੀ ਜਮਾਤ ਦੀ ਪ੍ਰੀਖਿਆ ਵੀ ਪੰਜਵੀਂ ਜਮਾਤ ਦੀ ਪ੍ਰੀਖਿਆ ਦੇ ਨਾਲ ਹੀ ਲੈ ਲਈ ਜਾਵੇ ਪਰ ਇਸ ਦੇ ਪ੍ਰਸ਼ਨ ਪੱਤਰ ਸਕੂਲ ਅਧਿਆਪਕਾਂ ਵੱਲੋਂ ਆਪਣੇ ਪੱਧਰ ਤੇ ਹੀ ਤਿਆਰ ਕਰਕੇ ਤੀਜੀ ਅਤੇ ਚੌਥੀ ਜਮਾਤ ਦੀ ਪ੍ਰੀਖਿਆ ਲਈ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**

ਪਿਠਅੰਕਣ ਨੰ:ਐਸਐਸਏ/ਐਮਸੀ/2009/78247 ਮਿਤੀ:-02.12.09

ਉਪਰੋਕਤ ਦਾ ਉਤਾਰਾ ਡੀ.ਪੀ.ਆਈ.(ਐ.ਸਿੱ.) ਪੰਜਾਬ ਨੂੰ ਸੂਚਨਾ ਹਿਤ ਪੇਸ਼ ਹੈ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**